੧ਓ

ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥

ਅਜੋਕਾ ਯੁਗ-ਇਸਤਰੀ ਅਤੇ ਗੁਰਮਤਿ

(ਗੁਰਬਾਣੀ ਅਨੁਸਾਰ)

ਪ੍ਰਕਾਸ਼ਕ :

ਸਿੱਖ ਬੁੱਕ ਸੈਂਟਰ

ਮਾਡਲ ਟਾਊਨ ਐਕਸਟੈਨਸ਼ਨ

ਲੁਧਿਆਣਾ 141002

ਮੁੱਲ 1-00 ਰੁ :   ਚੌਥਾ ਐਡੀਸ਼ਨ 1999

ਅਨਮੋਲ ਬਚਨ

ਘਾਲਿ ਖਾਇ ਕਿਛੁ ਹਥਹੁ ਦੇਹਿ ॥
ਨਾਨਕ ਰਾਹੁ ਪਛਾਣਹਿ ਸੇਇ ॥
—ਸਲੋਕ ਮ: ੧, ਵਾਰ ਸਾਰੰਗ

ਭੈ ਕਾਹੂ ਕਉ ਦੇਤ ਨਾਹਿ, ਨਹਿ ਭੈ ਮਾਨਤ ਆਨਿ ॥
—ਸਲੋਕ ਮ; ੯

ਨਿਰਭਉ ਜਪੈ ਸਗਲ ਭਉ ਮਿਟੈ॥
—ਸੁਖਮਨੀ ਸਾਹਿਬ

ਮਨ ਜੀਤੈ ਜਗੁ ਜੀਤੁ॥ ਜਪੁਜੀ
ਮਨ ਤੂ ਜੋਤਿ ਸਰੂਪ ਹੈ, ਆਪਣਾ ਮੂਲੁ ਪਛਾਣ ॥
—ਆਸਾ ਛੰਤ ਮ: ੩

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥
—ਵਾਰ ਮਾਝ ਮ: ੧

ਅਉਗਣ ਸਭ ਮਿਟਾਇਕੈ, ਪਰਉਪਕਾਰੁ ਕਰੇਇ ॥
—ਗਉੜੀ ਮ: ੫

ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰ ਜਾਵਉ ॥
—ਗਉੜੀ ਵਾਰ ਮ: ੫

ਕਰਨ ਨ ਸੁਨੈ ਕਾਹੂ ਕੀ ਨਿੰਦਾ ॥
ਸਭ ਤੇ ਜਾਨੈ ਆਪਸ ਕਉ ਮੰਦਾ ॥
—ਸੁਖਮਨੀ ਸਾਹਿਬ

ਮੁਖ ਬੰਧ

ਗੁਰਬਾਣੀ ਵਿੱਚ ਸੁਲਖਣੀ, ਕੁਲਖਣੀ, ਸੁਹਾਗਣ ਤੇ ਦੁਹਾਗਣ ਨੂੰ ਰੂਪ ਮਾਨ ਕੀਤਾ ਗਿਆ ਹੈ :-

"ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ।"
"ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥"
"ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥"
"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ
ਸਹਜਿ ਸੰਤੋਖ ਸੀਗਾਰੀਆ ਮਿਠਾ ਬੋਲਣੀ
ਪਿਰੁ ਰੀਸਾਲੂ ਤਾਂ ਮਿਲੈ ਜਾ ਗੁਰ ਕਾ ਸ਼ਬਦ ਸੁਣੀ ॥"

ਇਸੇ ਸਦਕਾ ਹੀ ਸਾਡਾ ਸੁਨਿਹਰੀ ਇਤਿਹਾਸ ਤੇ ਸੰਪੂਰਨ ਅਰਦਾਸ ਉਨ੍ਹਾਂ ਮਹਾਨ ਸੁਹਾਗਣਾਂ ਤੇ ਸੁਲਖਣੀਆਂ ਦੀਆਂ ਗਾਥਾਵਾਂ ਸਾਨੂੰ ਰੋਜ਼ ਸੁਣਾਉਂਦੇ ਹਨ-ਜਿਨ੍ਹਾਂ ਕਿਸੇ ਵੀਰ ਦੀ ਭੈਣ ਹੁੰਦਿਆਂ, ਕਿਸੇ ਪਤੀ ਦੀ ਪਤਨੀ ਹੁੰਦਿਆਂ, ਕਿਸੇ ਸੰਤ ਸਿਪਾਹੀ, ਸੰਤ ਭਗਤ ਦੀ ਮਾਂ ਹੁੰਦਿਆਂ, ਸਮਾਜ, ਪੰਥ ਤੇ ਦੇਸ਼ ਹੀ ਨਹੀਂ ਸਗਲੀ ਲੋਕਾਈ ਦੇ ਭਲੇ ਦੀਆਂ ਉਹ ਖੇਡਾਂ ਖੇਡੀਆਂ ਜੋ ਸਦਾ ਸਾਡੇ ਲਈ ਰੋਸ਼ਨੀ ਦਾ ਮੁਨਾਰਾ ਬਣੀਆਂ ਸੋਭਦੀਆਂ ਰਹਿਣਗੀਆਂ।

ਪਰ ਕੀ ਇਹ ਗਾਥਾਵਾਂ ਅੱਜ ਦੇ ਕਾਲਜਾਂ, ਸਕੂਲਾਂ, ਯੂਨੀਵਰਸਿਟੀਆਂ ਵਿੱਚ ਪੜ੍ਹ ਰਹੀਆਂ ਵਿਦਿਆਰਥਣਾਂ ਤੱਕ ਪਹੁੰਚਾਉਣ ਦਾ ਕੋਈ ਉਪਰਾਲਾ ਕਰ ਰਹੇ ਹਾਂ ? ਕੀ ਅਸੀਂ ਉਨ੍ਹਾਂ ਸੂਰਬੀਰ ਬੀਬੀਆਂ ਦੀਆਂ ਸਾਖੀਆਂ ਪੜ੍ਹਾਉਣ ਜਾਂ ਸੁਨਾਉਣ ਦੇ ਅਵਸਰ ਦਿੰਦੇ ਹਾਂ ਜਿਨ੍ਹਾਂ ਨੇ ਗੁਰਮਤ ਸੰਦੇਸ਼ ਲੋਕਾਈ ਤੱਕ ਪਹੁੰਚਾਣ ਹਿਤ ਘਾਲਣਾ ਘਾਲੀਆਂ- ਜੰਗੇ ਮੈਦਾਨ, ਸੰਗਤ ਤੇ ਪੰਗਤ ਵਿੱਚ ਸੇਵਾ ਕੀਤੀ - ਮਾਈ ਭਾਗੋ ਵਾਂਗ ਟੁੱਟੀ ਗੰਢੀ, ਗੁਰੂ ਤੋਂ ਬੇਮੁਖ ਹੋਇਆਂ ਨੂੰ ਗੁਰੂ ਨਾਲ ਜੋੜਿਆ ਹੀ ਨਹੀਂ ਸਗੋ "ਚਾਲੀ ਮੁਕਤੇ" ਬਣਨ ਦਾ ਅਵਸਰ ਬਖ਼ਸ਼ਿਆ। ਜਿਨ੍ਹਾਂ ਬੀਬੀਆਂ ਨੇ ਘਲੂਘਾਰਿਆਂ ਸਮੇਂ ਫਟੜ ਸਿੰਘਾਂ ਦੀ ਸੇਵਾ ਕੀਤੀ, ਆਪਣੀਆਂ ਅੱਖਾਂ ਸਾਹਵੇਂ ਆਪਣੇ ਬੱਚਿਆਂ ਦੇ ਟੋਟੇ ਕਰਾ, ਗਲਾਂ ਵਿੱਚ ਹਾਰ ਪੁਆਏ, ਪਤੀ ਬ੍ਰਤਾ ਧਰਮ ਤੇ ਕਾਇਮ ਰਹੀਆਂ ਸਿਖੀ ਸਿਦਕ ਨਿਭਾਹੁੰਦਿਆਂ ਜਾਨਾਂ ਤੀਕਰ ਖੇਡ ਗਈਆਂ।

ਦੁੱਖ ਦੀ ਗਲ ਹੈ ਕਿ ਅਸੀਂ ਕਾਲਜਾਂ ਕਲਚਰਲ ਪ੍ਰੋਗਰਾਮਾਂ ਦੇ ਨਾਮ ਹੇਠ ਬੀਬੀਆਂ ਨੂੰ ਪੱਛਮੀ ਸਭਿਅਤਾ ਤੇ ਮਨਮਤੀ ਰਵਾਜਾਂ ਦੇ ਸ਼ੁਦਾਈ

ਬਨਾਉਣ ਤੇ ਤੁਲੇ ਹੋਏ ਹਾਂ। ਬਿਊਟੀ ਸ਼ੋਅ, ਡਾਂਸ ਤੇ ਗੰਦੇ ਗਾਣੇ ਗਾਉਣੇ ਦੀ ਸਿਖਿਆ ਤੇ ਪ੍ਰੇਰਨਾ ਦੇ ਰਹੇ ਹਾਂ। ਇਨ੍ਹਾਂ ਅਵਸਰਾਂ ਤੇ ਮਾਪੇ ਵੀ ਪੁਜਦੇ ਹਨ, ਪਰ ਕੋਈ ਵੀ ਪ੍ਰੋਟੈਸਟ ਜਾਂ ਵਿਰੋਧ ਕਰਨ ਦਾ ਹੀਆਂ ਨਹੀਂ ਕਰਦਾ। ਕੀ ਇਸ ਤਰ੍ਹਾਂ ਆਪਣੇ ਵਿਰਸੇ ਤੋਂ ਤੋੜ ਕੇ ਅਸੀਂ ਇਨ੍ਹਾਂ ਵਿਦਿਆਰਥਣਾਂ ਨਾਲ ਧਰੋਹ ਨਹੀ ਕਰ ਰਹੇ? ਆਉਣ ਵਾਲੀਆਂ ਨਸਲਾਂ ਤੇ ਇਤਿਹਾਸਕਾਰ ਸਾਡੀ ਇਸ ਮਹਾਨ ਕੁਤਾਹੀ ਅਤੇ ਅਵੇਸਲੇਪਣ ਤੇ ਲਾਹਨਤਾਂ ਪਾਉਣਗੇ।

ਗੁਰਬਾਣੀ ਵਿੱਚ ਬਾਹਰੀ ਸੁੰਦਰਤਾ ਤੇ ਵਿਖਾਵੇ ਨਾਲੋਂ ਅੰਦਰਲੇ ਸੱਚ ਨੂੰ ਧਾਰਨ ਕਰਨ ਤੇ ਜ਼ੋਰ ਦਿੱਤਾ ਗਿਆ ਹੈ- ਸਾਡੇ ਵਿਦਿਅਕ ਅਦਾਰੇ ਤੇ ਵਿਸ਼ੇਸ਼ਕਰ ਜਿਹੜੇ ਗੁਰੂ ਸਾਹਿਬਾਨ ਦੇ ਨਾਮ ਹੇਠ ਥਾਪੇ, ਉਸਾਰੇ ਤੇ ਚਲਾਏ ਜਾ ਰਹੇ ਹਨ, ਜੇ ਕਰ ਧਿਆਨ ਦੇਣ ਤਾਂ ਵਿਦਿਆਰਥਣਾਂ ਅੰਦਰਲੇ ਸੱਚ ਨੂੰ ਧਾਰਨ ਕਰਕੇਂ ਸਹੀ ਰੂਪ ਵਿੱਚ ਸੁੰਦਰ ਬਣ ਕੇ ਸਮਾਜ ਨੂੰ ਖੁਸ਼ਬੋਈ ਤੇ ਸੇਧ ਪ੍ਰਦਾਨ ਕਰ ਸਕਦੀਆਂ ਹਨ।

ਅਚਾਰ ਵੰਤ ਸਾਈ ਪਰਧਾਨੇ। ਸਭ ਸਿੰਗਾਰ ਬਣੇ ਤਿਸ ਗਿਆਨੇ॥
ਸਾ ਕੁਲਵੰਤੀ ਸਾ ਸਭਰਾਈ, ਜੋ ਪਿਰ ਕੈ ਰੰਗਿ ਸਵਾਰੀ ਜੀਉ॥
(ਮਾਝ ਮ: ੫ (੯੧-੯੮)

ਗਲੀ ਅਸੀਂ ਚੰਗੀਆਂ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥
ਮ: ੧ (ਸਿਰੀ ਰਾਗ ਕੀ ਵਾਰ) (੮੫)

ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ।
(ਸੂਹੀ ਮ: ੩ (੭੭੧-੭੨)

ਬਿਨੁ ਸਬਦੈ ਸੁਧੁ ਨ ਹੋਵਈ, ਜੇ ਅਨੇਕ ਕਰੈ ਸੀਗਾਰ ॥ ਮ: ੩ (੬੫੧)
ਇਹ ਮਨੁ ਸੁੰਦਰਿ ਆਪਣਾ, ਹਰਿ ਨਾਮ ਮਜੀਠੈ ਰੰਗਿ ਰੀ ॥
ਤਿਆਗ ਸਿਆਣਪ ਚਾਤਰੀ,, ਤੂੰ ਜਾਣੁ ਗੁਪਾਲਿ ਸੰਗਿ ਰੀ॥ ਮ: ੫
ਸੋਹਾਗਣੀ ਸੀਗਾਰੁ ਬਣਾਇਆ, ਗੁਣ ਕਾ ਗਲਿ ਹਾਰੁ ॥
ਪ੍ਰੇਮ ਪਿਰਮਲੁ ਤਨਿ ਲਾਵਣਾ, ਅੰਤਰਿ ਰਤਨੁ ਵੀਚਾਰੁ ॥
ਆਸਾ ਮ : ੩ (੪੨੬)

ਇੰਞ ਗੁਣਾਂ ਦਾ ਹਾਰ ਗਲੇ ਵਿੱਚ ਪਾਉਣਾ ਹੈ, ਪ੍ਰੇਮ ਦੀ ਸੁਗੰਧੀ ਲਾਉਣੀ ਹੈ ਤੇ ਅੰਦਰਲੀ ਸਚੀ ਵੀਚਾਰ ਹੀ ਅਮੁਲਾ ਰਤਨ ਹੈ -

ਕੇਹੀ ਸੋਹਣੀ ਹਸਤੀ ਸੰਵਾਰੀ ਹੈ ਗੁਰਬਾਣੀ ਨੇ, ਇਸਤਰੀ ਦੀ।

ਵਿਦਿਅਕ ਅਦਾਰਿਆਂ ਦੇ ਪ੍ਰਬੰਧਕਾਂ, ਅਧਿਆਪਕਾਂ, ਸਰਕਾਰ ਤੇ ਮਾਪਿਆਂ ਨੂੰ ਇਹੋ ਹੀ ਅਪੀਲ ਰੂਪੀ ਚਿਤਾਵਨੀ ਹੈ ਕਿ ਆਪਣੀ ਧਰਤੀ ਦੇ ਅਮੀਰ ਵਿਰਸੇ ਦੀ ਸੰਭਾਲ ਕਰੋ - ਆਪਣੇ ਸਭਿਆਚਾਰ ਦੀ ਪਕੜ ਨ ਛਡੋ, ਨਹੀਂ ਤਾਂ ਪਛਮੀ ਸਭਿਅਤਾ ਦੀ ਹਨੇਰੀ ਵਿਚ ਉਜੜ ਪੁਜੜ ਜਾਵਾਂਗੇ ਤੇ ਸਾਡੇ ਸਮਾਜ ਦੇ ਗਹਿਣੇ-ਸ਼ਰਮ,ਧਰਮ, ਸਤਿਕਾਰ, ਨਿਰਮਲਤਾ, ਸੀਲਤਾ, ਉਚਾ ਆਚਰਣ ਸਾਡੇ ਕੋਲੋਂ ਸਦਾ ਲਈ ਗੁਆਚ ਜਾਣਗੇ।

ਪ੍ਰਿੰਸੀਪਲ, ਡਾ: ਰਾਜਿੰਦਰ ਕੌਰ ਜੀ ਦਾ ਲਿਖਿਆ ਇਹ ਟ੍ਰੈਕਟ ਉਪਰੋਕਤ ਵਿਚਾਰਾਂ ਦੇ ਸੰਦਰਭ ਵਿਚ ਵਿਸਥਾਰ ਸਹਿਤ ਵਿਆਖਿਆ ਹੈ - ਗੁਰਮਤਿ ਵਿੱਚ ਇਸਤਰੀ ਦਾ ਸਰੂਪ ਤੇ ਅਜੋਕੇ ਯੁਗ ਨਾਲ ਉਸ ਦੇ ਸਬੰਧ ਦਾ। ਪੂਰਨ ਆਸ ਤੇ ਵਿਸ਼ਵਾਸ ਹੈ ਕਿ ਪਾਠਕ (ਵਿਸ਼ੇਸ਼ ਕਰਕੇ ਬੀਬੀਆਂ) ਇਸ ਨੂੰ ਪੂਰਨ ਦਿਲਚਸਪੀ ਨਾਲ ਪੜ੍ਹਨਗੇ ਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਇਸਤਰੀ ਵਿੰਗ ਵਲੋਂ ਤੇਰੀ ਇਸ ਖਾਲਸਾ ਚੇਤਨਤਾ ਜਗਾਉਣ ਦੀ ਲਹਿਰ ਨੂੰ ਹਰ ਹੀਲੇ ਤੇ ਵਸੀਲੇ ਹੋਰ ਬਲ ਪ੍ਰਦਾਨ ਕਰਨ ਲਈ ਸਹਾਈ ਹੋਣਗੇ।

ਸਟੇਟ ਸਕੱਤਰ ਇਸਤਰੀ ਵਿੰਗ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਅਜੋਕਾ ਯੁਗ- ਇਸਤਰੀ ਤੇ ਗੁਰਮਤਿ

-ਪ੍ਰਿੰਸੀਪਲ ਰਾਜਿੰਦਰ ਜੀਤ ਕੌਰ ਢੀਂਡਸਾ
ਐਸ. ਏ. ਪੀ. ਐਚ. ਡੀ.

ਗੁਰਮਤਿ ਦਾ ਭਾਵ ਹੈ - ਸਤਿਗੁਰੂ ਦਾ ਥਾਪਿਆ ਹੋਇਆ ਸਿਧਾਂਤ, ਅਥਵਾ ਗੁਰੂ ਦੀ ਰਾਇ।

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :-

ਭਾਉ ਭਗਤਿ ਗੁਰਮਤਿ ਹੈ ਦੁਰਮਤਿ ਦਰਗਹ ਲਹੈ ਨ ਢੋਈ ॥

(ਪਉੜੀ ੧੦, ਵਾਰ ੩੧)

ਇਸਤਰੀ ਤੇ ਗੁਰਮਤਿ - ਵਿਸ਼ੇ ਅਜੋਕੇ ਯੁਗ ਨਾਲ ਜੋੜਨ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਸਿਖ ਇਤਿਹਾਸ ਵਿੱਚ ਇਸਤਰੀ ਦਾ ਵਿਰਸਾ ਕੀ ਹੈ।

1 ਵਿਰਸਾ — ਸੰਖੇਪ ਰੂਪ

ਧੰਨ ਹਨ ਮਾਤਾ ਤ੍ਰਿਪਤਾ ਜੀ, ਜਿਨ੍ਹਾਂ ਨੇ ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨਮ ਦਿੱਤਾ। ਬੇਬੇ ਨਾਨਕੀ ਜੀ ਉਹ ਫਖਰ ਕਰਨ ਯੋਗ ਭੈਣ ਹੈ, ਜਿਸ ਨੇ ਆਪਣੇ ਅਵਤਾਰ ਵੀਰ ਨੂੰ ਸਹੀ ਸਮਝਿਆ, ਮਾਰ ਪੈਣ ਤੋਂ ਬਚਾਇਆ ਤੇ ਵੀਰ ਨੂੰ ਚੰਗਾ ਗ੍ਰਹਿਸਤੀ ਬਨਣ ਵਿੱਚ ਸਹਾਈ ਹੋ ਕੇ ਨੌਕਰੀ ਤੇ ਲਗਵਾਇਆ।

ਬੀਬੀ ਖੀਵੀ ਜੀ ਨੇ ਆਪਣੇ ਪਤੀ ਗੁਰੂ ਅੰਗਦ ਦੇਵ ਜੀ ਪਾਸੋਂ ਲੰਗਰ ਦੀ ਦਾਤ ਲੈਕੇ ਸੰਗਤਾਂ ਵਿੱਚ ਸੇਵਾ ਤੇ ਸਿਮਰਨ ਦੀ ਮਿਸਾਲ ਕਾਇਮ ਕੀਤੀ। ਬੀਬੀ ਅਮਰੋ ਜੀ ਨੇ ਸਿਮਰਨ ਦੀ ਮਿਸਾਲ ਨੂੰ ਆਜਿਹਾ ਰੌਸ਼ਨ ਕੀਤਾ ਜੋ ਇਕ ਸਾਧਾਰਨ ਗ੍ਰਹਿਸਤੀ ਨੂੰ ਗੁਰੂ ਅਮਰ ਦਾਸ ਬਣਾ ਦਿੱਤਾ। ਗੁਰੂ ਅਮਰ ਦਾਸ ਜੀ ਬੀਬੀ ਅਮਰੋ ਦੇ ਰਾਹੀਂ ਗੁਰੂ ਵਾਲੇ ਬਣੇ ਤੇ ਫੇਰ ਆਪ ਗੁਰੂ ਪਦਵੀ ਤੇ ਬਿਰਾਜਮਾਨ ਹੋਏ।

ਬੀਬੀ ਭਾਨੀ ਜੀ ਦੀ ਪਿਤਾ ਪ੍ਰਤੀ ਸ਼ਰਧਾ, ਪ੍ਰੇਮ ਤੇ ਸੇਵਾ ਦੀ ਮਿਸਾਲ ਲਾਸਾਨੀ ਹੈ। ਸਾਡੇ ਦੇਸ਼ ਵਿੱਚ ਅਜ਼ਾਦੀ ਤੋਂ ਮਗਰੋ ਸੰਵਿਧਾਨਕ ਤੌਰ ਤੇ ਇਸਤਰੀ ਨੂੰ ਕਈ ਹੱਕ ਮਿਲ ਗਏ ਹਨ, ਜਾਇਦਾਦ ਵਿੱਚ ਹਿਸੇਦਾਰ ਬਣਾ ਦਿੱਤਾ ਗਿਆ ਹੈ। ਪਰ ਸਿੱਖ ਇਤਿਹਾਸ ਵਿੱਚ ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਅਜਿਹਾ ਮਾਣ ਬਖਸ਼ਿਆ, ਜੋ ਸਿੱਖ ਇਤਿਹਾਸ ਵਿੱਚ ਇਸਤਰੀ ਦੀ ਇਜ਼ਤ ਦਾ ਸਾਥੀ ਹੈ - ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਦੇ ਨਾਮ ਤੇ ਤੁੰਗਵਾਲੀ ਪਿੰਡ ਤੇ ਆਸ ਪਾਸ ਦੀ ਜ਼ਮੀਨ ਖਰੀਦੀ। ਮਗਰੋ ਇਹ ਧਰਤੀ ਭਾਗਾਂ ਵਾਲੀ ਬੀਬੀ ਭਾਨੀ ਜੀ ਨੇ ਨਗਰ ਵਸਾਉਣ ਲਈ ਲੋਕਾਂ ਵਿੱਚ ਮੁਫਤ ਵੰਡ ਦਿੱਤੀ।

ਬੀਬੀ ਰਜਨੀ - ਜਿਸ ਨੇ ਰਾਜੇ ਪਿਤਾ ਨੂੰ ਸੱਚ ਸੁਣਾ ਕੇ ਕੋਹੜੀ ਪਤੀ ਝੋਲੀ ਪਵਾ ਲਿਆ। ਸੇਵਾ ਸੰਭਾਲ ਕੀਤੀ। ਰੱਬ ਨੇ ਸਚ ਨੂੰ ਫਲ ਲਗਾਇਆ। ਮਾਤਾ ਗੰਗਾ ਜੀ ਨ ਅਜਿਹੇ ਸੂਰਬੀਰ ਨੂੰ ਜਨਮ ਦਿੱਤਾ ਜਿਸ ਨੇ ਇਤਿਹਾਸ ਵਿੱਚ ਮੁਗਲਾਂ ਦੇ ਖਿਲਾਫ, ਜ਼ੁਲਮ ਦੇ ਖਿਲਾਫ ਲੜਨ ਲਈ ਪੀਰੀ ਦੇ ਨਾਲ ਮੀਰੀ ਦੀ ਤਲਵਾਰ ਪਹਿਨੀ ਤੇ ਚਲਾਈ। ਗੁਰੂ ਹਰਿਗੋਬਿੰਦ ਜੀ ਦੀ ਸੁਪਤਨੀ ਤੇ ਗੁਰੂ ਤੇਗ ਬਹਾਦੁਰ ਜੀ ਦੀ ਮਾਤਾ ਨਾਨਕੀ ਜੀ ਨੇ ਗੁਰੂ ਤੇਗ ਬਹਾਦੁਰ ਜੀ ਵਰਗੇ ਤੇਗ ਦੇ ਧਨੀ ਪੈਦਾ ਕੀਤੇ। ਮਾਤਾ ਜੀ ਦੇ ਸਤਿਕਾਰ ਵੇਜੋਂ ਗੁਰੂ ਤੇਗ ਬਹਾਦਰ ਜੀ ਨੇ ਪਿੰਡ ਮਾਖੋਵਾਲ)ਅਨੰਦਪੁਰ ਸਾਹਿਬ ਦੀ ਧਰਤੀ) ਨੂੰ ਖਰੀਦ ਕੇ ਚਕ ਨਾਨਕੀ ਵਸਾਇਆ। ਇਹ ਸਿੱਖ ਇਤਿਹਾਸ ਵਿੱਚ ਦੂਜਾ ਮੌਕਾ ਸੀ ਕਿ ਇਕ ਇਸਤਰੀ ਦੇ ਨਾਤੇ ਜ਼ਮੀਨ ਖਰੀਦੀ ਗਈ। ਇਹ ਸਥਾਨ 1699 ਈ: ਵਿੱਚ ਖਾਲਸੇ ਦਾ ਜਨਮ ਸਥਾਨ ਬਣਿਆ।

ਮਾਤਾ ਗੁਜਰੀ ਦੀ ਉਹ ਪੂਜਨੀਕ ਮਾਤਾ ਹਨ ਜਿਨ੍ਹਾਂ ਨੇ ਆਪਣੇ ਪਤੀ ਦੀ 26 ਸਾਲ 9 ਮਹੀਨੇ 13 ਦਿਨ ਤਪਸਿਆ ਦੇ ਦੁਰਾਨ ਦੁਨਿਆਵੀ ਸੁਖ ਤਿਆਗ ਕੇ ਸੇਵਾ ਕੀਤੀ। ਸ਼ਹੀਦ ਦੀ ਪਤਨੀ, ਸ਼ਹਿਦ ਦੀ ਮਾਤਾ, ਸ਼ਹੀਦਾਂ ਦੀ ਦਾਦੀ ਮਾਤਾ ਗੁਜਰੀ ਜੀ ਪਹਿਲੀ ਸਿਖ ਇਸਤਰੀ ਸ਼ਹੀਦ ਹੋਈ ਹੈ, ਜਿਸ ਨੇ ਠੰਢੇ ਬੁਰਜ ਵਿੱਚ ਕੈਦੀ ਬਣ ਕੇ, ਵਜ਼ੀਰ ਖਾਂ ਦੇ ਤਸੀਹੇ ਸਹਿ ਕੇ ਸ਼ਹਾਦਤ ਪਾਈ।

ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਗੁਰੂ ਗੋਬਿੰਦ ਸਿੰਘ ਦੇ ਮਹਲ ਸਨ। ਮਾਤਾ ਸਾਹਿਬ ਦੇਵਾਂ ਜੀ ਨੇ ਅੰਮ੍ਰਿਤ ਵਿੱਚ ਮਿਠਾਸ ਘੋਲ ਕੇ ਖਾਲਸੇ ਦੇ ਮਾਤਾ ਕਹਾਉਣ ਦਾ ਮਾਣ ਹਾਸਲ ਕੀਤਾ। ਮਾਤਾ ਸੁੰਦਰੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਸਿਖ ਕੌਮ ਦੀ ਕਈ ਵਰ੍ਹੇ ਸਫਲ ਅਗਵਾਈ ਕੀਤੀ। ਤੱਤ ਖਾਲਸੇ ਤੇ ਬੰਦਈ ਖਾਲਸੇ ਦੇ ਝਗੜੇ ਦਾ ਫੈਸਲਾ ਨਿਪਟਾਇਆ। ਆਪ ਪਹਿਲੀ ਇਸਤਰੀ ਹਨ ਜਿਨ੍ਹਾਂ ਨੇ ਖਾਲਸੇ ਨੂੰ ਹੁਕਮਨਾਮੇ ਜਾਰੀ ਕਰਕੇ ਲੋੜੀਂਦੀ ਰਹਿਨੁਮਾਈ ਦਿੱਤੀ। ਆਪ ਨੂੰ ਆਪਣੇ ਸਮੇਂ ਦੀ ਕੌਮ ਦੀ ਚੀਫ਼ ਜਸਟਿਸ ਕਹਿਣਾ ਅੱਤਿਕਥਨੀ ਨਹੀਂ ਹੈ।

ਮਾਈ ਭਾਗੋ, ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਝਬਾਲ ਦੇ ਰਹਿਣ ਵਾਲੀ ਸੀ, ਜਿਸ ਨੇ ਸਿੱਖ ਇਤਿਹਾਸ ਨੂੰ ਇਕ ਮੋੜ ਦਿੱਤਾ। ਜੇ ਮਾਈ ਭਾਗੋ ਬੇਦਾਵੀਏ ਸਿੰਘਾਂ ਨੂੰ ਵਾਪਸ ਲੈਕੇ ਕਮਾਂਡ ਕਰਦੀ ਹੋਈ ਖਿਦਰਾਣੇ ਦੀ ਢਾਬ ਤੇ ਜੰਗ ਨਾ ਕਰਦੀ ਤਾਂ ਸੰਭਵ ਹੈ, ਖਾਲਸੇ ਦਾ ਇਤਿਹਾਸ ਅਜ ਨਾਲੋਂ ਵਖਰਾ ਹੁੰਦਾ।

ਮਾਈ ਭਾਗੋ ਨੂੰ ਕਮਾਂਡ ਕਰਦੀ ਵੇਖ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਅਨੋਖੀ ਤਸਲੀ ਹੋਈ ਕਿ ਹੁਣ ਖਾਲਸਾ ਪੰਥ ਨੂੰ ਕੋਈ ਖਤਰਾ ਨਹੀ ਜਿਸ ਕੌਮ ਵਿੱਚ ਔਰਤਾਂ ਸਵੈ-ਰਖਿਆ ਕਰਨ ਦੇ ਕਾਬਲ ਹੋ ਜਾਣ ਉਹ ਕੌਮ ਕਦੇ ਮਰ ਨਹੀਂ ਸਕਦੀ।

ਮਾਤਾ ਰਾਜ ਕੌਰ, ਮਾਈ ਸਦਾ ਕੌਰ, ਬੀਬੀ ਸਾਹਿਬ ਕੌਰ (ਜੋ ਮਰਹਟਿਆਂ ਨਾਲ ਲੜੀ), ਬੀਬੀ ਸ਼ਰਨ ਕੌਰ (ਜੋ ਜਮਰੌਦ ਤੋਂ ਸੁਨੇਹਾ ਲੈ ਕੇ ਉਸ ਸਮੇਂ ਦੇ ਬਿਖੜੇ ਪੈਂਡੇ ਝਾਗਦੀ ਹੋਈ ਲਾਹੌਰ ਪੁਜੀ)

ਇਹ ਸਿੱਖ ਇਸਤਰੀ ਦੇ ਵਿਰਸੇ ਦੀਆਂ ਕੁਝ ਕੁ ਰੋਸ਼ਨ ਮਿਸਾਲਾਂ ਹਨ।

2. ਗੁਰਮਤਿ ਅਨੁਸਾਰ ਇਸਤਰੀ ਦੇ ਰੂਪ

ਇਸਤਰੀ ਨੂੰ ਸਾਡੇ ਗੁਰੂ ਸਾਹਿਬਾਂ ਨੇ ਏਨਾ ਮਹਾਨ ਦਰਜਾ ਦਿੱਤਾ ਹੈ, ਜਿਸ ਦੀ ਮਿਸਾਲ ਸੰਸਾਰ ਦੇ ਹੋਰ ਮਤਾਂ ਵਿਚੋ ਲਭਣੀ ਮੁਸ਼ਕਲ ਹੀ ਨਹੀ, ਅਸੰਭਵ ਹੈ। ਗੁਰੂ ਗ੍ਰੰਥ ਸਾਹਿਬ ਨੇ ਪ੍ਰਮਾਤਮਾ ਨੂੰ ਪਤੀ ਦਾ ਦਰਜਾ ਦੇ ਕੇ ਸਾਰੇ ਸੰਸਾਰ ਦੇ ਜੀਵਾਂ ਨੂੰ ਇਸਤਰੀ ਦਾ ਰੂਪ ਦਰਸਾ ਕੇ ਨਾ ਸਿਰਫ ਇਸਤਰੀ ਦੀ ਜੂਨ ਨੂੰ ਸਨਮਾਨਿਆ ਹੈ, ਸਗੋਂ ਪ੍ਰਮਾਤਮਾ ਤੇ ਜੀਵ ਦੇ ਰਿਸ਼ਤੇ ਨੂੰ ਸਮਝਣ ਲਈ ਏਨਾ ਸੁਖੈਨ ਕਰ ਦਿੱਤਾ ਹੈ।

ਜਿਸ ਦੀ ਮਿਸਾਲ ਹਰ ਜੀਵ ਆਪਣੇ ਨਿਜੀ ਜੀਵਨ ਵਿਚੋਂ ਸਮਝ ਸਕਦਾ ਹੈ, ਸਮਝਾ ਸਕਦਾ ਹੈ ਤੇ ਆਸਾਨੀ ਨਾਲ ਪ੍ਰਮਾਤਮਾ - ਪ੍ਰੇਮ ਸਬੰਧੀ ਖੁਲ੍ਹੇ ਵਿਚਾਰ ਪਰਗਟਾ ਸਕਦਾ ਹੈ।

ਬਾਬਾ ਫਰੀਦ ਜੀ ਕਿਹਾ ਸੋਹਣਾ ਸਮਝਾਉਂਦੇ ਹਨ - ਜੀਵ ਮੁਟਿਆਰ ਹੈ, ਪ੍ਰਮਾਤਮਾ ਉਸ ਦਾ ਭਰਤਾ ਹੈ। ਜਿਵੇਂ ਹਰ ਮੁਟਿਆਰ ਨੂੰ ਸਹੁਰੇ ਜਾਣਾ ਪੈਂਦਾ ਹੈ, ਤਿਵੇਂ ਹਰ ਜੀਵ ਮੁਟਿਆਰ ਨੂੰ (ਪੁਰਸ਼ ਜਾਮੇ ਵਿੱਚ ਹੋਵੇ ਜਾਂ ਇਸਤਰੀ) ਪ੍ਰਮਾਤਮਾ ਲਾੜੇ ਨਾਲ ਜਾਣਾ ਪਵੇਗਾ।

ਸਮਾਜਕ ਜੀਵਨ ਵਿੱਚ ਇਸਤਰੀ ਵਿਆਹੀ ਜਾ ਕੇ ਪਤੀ ਨੂੰ ਛੱਡ ਦੇਵੇ ਤਾਂ ਉਹ ਦੋਹਾਗਣ, ਤੀਸਰਾ ਰੂਪ ਹੈ-ਵਿਧਵਾ ਇਸਤਰੀ ਦਾ-ਜਿਸ ਦਾ ਪਤੀ ਸੰਸਾਰ ਤੋਂ ਅਕਾਲ ਚਲਾਣਾ ਕਰ ਗਿਆ ਹੋਵੇ।

ਗੁਰਮਤਿ ਵਿਚ ਇਸਤਰੀ ਦੇ ਦੋ ਰੂਪ ਆਉਂਦੇ ਹਨ - ਸੋਹਾਗਣ ਤੇ ਦੋਹਾਗਣ। ਤੀਸਰੇ ਰੂਪ ਦਾ ਜ਼ਿਕਰ ਨਹੀਂ। ਕਾਰਨ - ਗੁਰਮਤਿ ਵਿਚ ਜੀਵ ਇਸਤਰੀ ਦਾ ਸੋਹਾਗ - ਸਥਿਰ ਰਹਿਣ ਵਾਲਾ ਅਕਾਲ ਪੁਰਖ ਹੈ, ਜੋ ਕਾਲ ਦੀ ਬੰਦਸ਼ ਤੋਂ ਰਹਿਤ ਹੈ। ਜਿਸ 'ਪੁਰਖ' ਤੇ ਕਾਲ ਦਾ ਅਸਰ ਨਹੀਂ ਹੋ ਸਕਦਾ,, ਉਸ ਦੀ ਇਸਤਰੀ ਵਿਧਵਾ ਹੋ ਹੀ ਨਹੀਂ ਸਕਦੀ-

ਮਧੁਰ ਬਾਣੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ।

ਸੋਹਾਗਣ - ਚੰਗੇ ਭਾਗਾਂ ਵਾਲੀ ਨਾਰ ਸੋਹਾਗਣ ਹੈ।

ਸੋਹਾਗਣ ਦਾ ਜੀਵਨ ਪੰਚਮ ਪਾਤਸ਼ਾਹ ਇਉਂ ਫੁਰਮਾਉਂਦੇ ਹਨ-

"ਮੈਂ ਪਤੀ ਪ੍ਰਮਾਤਮਾ ਦਾ ਹੁਕਮ ਮਿਠਾ ਕਰਕੇ ਮੰਨਦੀ ਰਹੀ। ਪਤੀ ਪ੍ਰਮਾਤਮਾ ਮੇਰੇ ਤੇ ਖੁਸ਼ ਹੋ ਗਏ ਤੇ ਮੈਂ ਘਰ ਦੀ ਮਾਲਕ ਬਣ ਗਈ.......। ਪ੍ਰੀਤਮ ਨੇ ਮੈਨੂੰ........ਪਰਵਾਨ ਕਰਕੇ 'ਪਤੀ-ਮਿਲਾਪ' ਦਾ ਸੁਖ ਦਿੱਤਾ ਹੈ। ਮੈਂ ਉਸ ਅਗੰਮ ਅਵਿਨਾਸ਼ੀ (ਥਿਰ ਸੋਹਾਗ) ਦੀ ਸੇਵਾਦਾਰ ਹਾਂ।....ਮੈਨੂੰ ਸੋਹਾਗ ਦਾ ਸੁਖ ਮਿਲ ਗਿਆ ਹੈ, ਮੇਰੀਆਂ ਸਭੇ ਆਸਾ ਪੂਰੀਆਂ ਹੋਈਆਂ ਹਨ, ਕਿਉਂਕਿ ਮੇਰਾ ਗੁਣਾਂ ਦੇ ਭੰਡਾਰੇ ਨਾਲ ਮਿਲਾਪ ਹੋਇਆ ਹੈ।

ਸੋਹਾਗਣ ਲਈ ਸ਼ਿੰਗਾਰ ਕਰਨਾ ਵੀ ਜ਼ਿੰਦਗੀ ਦਾ ਇਕ ਹਿੱਸਾ ਹੈ। ਇਹ ਸ਼ਿੰਗਾਰ ਕਿਹੋ ਜਿਹਾ ਹੋਵੇ। ਹਉਮੈ ਦੀ ਮੈਲ ਲਾਹ ਕੇ ਜੀਵ ਇਸਤਰੀ ਉਜਲੀ ਹੋ ਜਾਂਦੀ ਹੈ। ਉਸ ਦਾ ਕੀਤਾ ਸ਼ਿੰਗਾਰ ਉਸ ਤੇ ਪਤੀ ਨੂੰ ਚੰਗਾ ਲਗਦਾ ਹੈ ਪਤੀ ਪ੍ਰਮਾਤਮਾ ਅਜਿਹੀ ਨਾਰ ਨੂੰ , ਜੋ ਆਪਾ ਮਿਟਾ ਕੇ ਪਿਰ ਦੇ ਚਰਨੀ ਲੱਗੀ ਹੈ, ਆਪਣੇ ਸਰੂਪ ਵਿੱਚ ਸਮਾ ਲੈਂਦਾ ਹੈ।

ਜਿਵੇਂ ਪੇਕੇ ਘਰ ਰਹਿੰਦਿਆਂ ਕਿਸੇ ਕੁਆਰੀ ਮੁਟਿਆਰ ਨੂੰ ਸੁਹਰੇ ਜਾਣ ਦਾ ਪਤਾ ਤਾਂ ਹੁੰਦਾ ਹੈ, ਪਰ ਪਤੀ ਕਿਸ ਬਿਧਿ ਖੁਸ਼ ਹੋਵੇਗਾ, ਦੀ ਅਨਜਾਣਤਾ ਹੁੰਦੀ ਹੈ। ਇਕ ਗਲ ਦਾ ਪਤਾ ਹੈ ਕਿ ਮਾਲਕ ਖੁਸ਼ ਹੋਵੇਗਾ ਤਾ ਸਾਰਾ ਪਰਵਾਰ ਖੁਸ਼। ਤਿਵੇਂ ਸੋਹਾਗਣ ਜੀਵ ਇਸਤਰੀ ਨੂੰ ਵੀ ਗਿਆਨ ਹੁੰਦਾ ਹੈ -ਉਸ ਦਾ ਸਹੁ ਇਕੋ ਪ੍ਰਮਾਤਮਾ ਹੈ, ਜਿਹੜਾ ਜੇ ਬਖਸ਼ਸ਼ ਕਰੇ ਤਾਂ ਚਰਨੀ ਲਾ ਲੈਂਦਾ ਹੈ। ਬਖਸ਼ਸ਼ ਕਿਵੇਂ ਹੋਵੇਗੀ। ਜੇ ਜੀਵ ਇਸਤਰੀ ਨੇ ਪ੍ਰੇਮ ਦਾ ਸ਼ਿੰਗਾਰ ਕੀਤਾ ਹੋਵੇ। ਅਜਿਹੀ ਨਾਰ ਸੌਹਰੇ ਘਰ ਸਹਿਜ ਸੁਭਾਇ ਆਪਣੇ ਜੀਵਨ ਵਿੱਚ ਪਤੀ ਦਾ ਸੁਖ ਮਾਣਦੀ ਹੈ। ਇਸ ਪਰਥਾਇ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ-

ਹਉਮੈ ਖੋਇ ਕਰੇ ਸੀਗਾਰ ॥
ਤਉ ਕਾਮਣਿ ਸੇਜੈ ਰਵੈ ਭਤਾਰ ॥

ਖਿਮਾਂ ਧਾਰਨੀ ਵੀ ਇਕ ਜ਼ਰੂਰੀ ਸ਼ਿੰਗਾਰ ਹੈ। ਇਸ ਸ਼ਿੰਗਾਰ ਨਾਲ ਸੋਹਾਗਣ ਨੂੰ ਉਸ ਦਾ ਪਤੀ ਪ੍ਰਮਾਤਮਾ ਆਪਣੇ ਚਰਨੀ ਲਾ ਲੈਂਦਾ ਹੈ -

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥

ਪਤੀ ਦੀ ਸੇਵਾ ਕਰਨਾ ਅਜਿਹਾ ਸ਼ਿੰਗਾਰ ਹੈ, ਜਿਸ ਨਾਲ ਕਈ ਔਗੁਣ ਢਕੇ ਜਾਂਦੇ ਹਨ। ਜੋ ਇਸਤਰੀ ਸਵੇਰ ਉਠ ਕੇ ਪਤੀ ਨੂੰ ਜਗਾਉਂਦੀ ਹੈ ਉਹ ਸਰਬ ਸੁਖ ਹਾਸਲ ਕਰਦੀ ਹੈ। ਜਿਸ ਘਰ ਵਿੱਚ ਪਤੀ ਪਹਿਲਾਂ ਜਾਗੇ, ਪਤਨੀ ਅਜੇ ਸੁਤੀ ਹੋਵੇ, ਉਥੇ ਸੁਖ ਨਹੀਂ ਆਲਸ ਹੁੰਦਾ ਹੈ। ਪਤੀ ਵੀ ਖੁਸ਼ ਨਹੀਂ ਰਹਿ ਸਕਦਾ। ਸੇਵਾ ਵੀ ਉਹ ਫਲੀਭੂਤ ਹੈ ਜਦੋਂ ਪਤੀ ਤੋਂ ਪਹਿਲਾਂ ਉਠ ਕੇ ਆਲਸ ਦੂਰ ਕਰਕੇ ਦਿਨ ਦਾ ਕਾਰ-ਵਿਹਾਰ ਆਰੰਭ ਕੀਤਾ ਜਾਵੇ।

ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾਂ ॥
ਇਉ ਕਿਉ ਕੰਤ ਪਿਆਰੀ ਹੋਵਾਂ ॥

ਸੋਹਾਗਣ ਇਸਤਰੀ ਦੇ ਸਾਰੇ ਉਹ ਹਾਰ ਸ਼ਿੰਗਾਰ ਵਿਅੱਰਥ ਹਨ, ਜਿਹੜੇ ਉਸਦੇ ਮਾਲਕ ਨੂੰ ਚੰਗੇ ਨਹੀਂ ਲਗਦੇ। ਸਗੋਂ ਹਰੀ ਦੇ ਨਾਮ ਬਿਨ ਸਾਰੇ ਸੁਆਦ ਹੀ ਫਿਕੇ ਹਨ :-

ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥

ਸੁਖੀ ਸੋਹਾਗਣ ਨਾਰ ਖੁਸ਼ੀ ਵਿੱਚ ਸਖੀਆਂ-ਸਹੇਲੀਆਂ ਨੂੰ ਬੁਲਾਉਂਦੀ ਹੈ, ਆਵੋ ਰਲ ਮਿਲ ਕੇ ਮੰਗਲ ਗਾਵਹੁ, ਮੇਰਾ ਥਿਰ ਸੋਹਾਗ ਮੈਨੂੰ ਮਿਲ ਗਿਆ ਹੈ।

ਹਰੀ ਤੇ ਭਰੋਸਾ ਰਖਣ ਵਾਲੀ ਨਾਰ ਸੁਲੱਖਣੀ ਹੈ, ਜਿਸ ਨੂੰ ਗੁਰੂ ਨਾਨਕ ਦੇਵ ਜੀ 'ਸੁਚੱਜੀ' ਆਖਦੇ ਹਨ ਤੇ ਗੁਰੂ ਅਰਜਨ ਦੇਵ ਜੀ ਅਜਿਹੇ ਜੀਵ ਨੂੰ 'ਗੁਣਵੰਤੀ' ਨਾਰ ਦੀ ਨਿਆਈਂ ਸਮਝਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਪਤੀ ਪਰਮੇਸ਼ਰ ਤੋਂ ਵਿਛੜੀ ਨਾਰ ਬੁਰੇ ਆਚਾਰ ਵਾਲੀ ਇਸਤਰੀ ਦੇ ਰੂਪ ਵਿੱਚ ਚਿੱਤਰੀ ਹੈ, ਜੋ ਪਤੀ ਦੀਆਂ ਦਾਤਾਂ ਦਿੱਤੀਆਂ ਭੁਲ ਕੇ ਪਤੀ ਸੋਹਾਗਣ ਨੂੰ ਵਿਸਾਰ ਦੇਂਦੀ ਹੈ ਤੇ ਗਫਲਤ ਵਿੱਚ

ਸੁੱਤੀ ਰਹਿੰਦੀ ਹੈ। ਜੋ ਜੀਵ ਇਸਤਰੀ ਨਾਮ ਦੀ ਦਾਤ ਨੂੰ ਨਹੀ ਸਮਝਦੀ, ਉਹ ਉਵੇਂ ਵੀ ਦੁਖੀ ਹੁੰਦੀ ਹੈ ਜਿਵੇਂ ਸਹੁਰੇ ਘਰ ਜਾ ਕੇ ਵੀ ਮਾਤ, ਪਿਤਾ, ਭੈਣ, ਭਰਾਵਾਂ ਨੂੰ ਯਾਦ ਕਰੀ ਜਾਵੇ, ਉਵੇਂ ਅਜਿਹੀ ਜੀਵ ਇਸਤਰੀ ਮੋਹ ਮਾਇਆ ਦੇ ਸਮੁੰਦਰ ਵਿੱਚ ਡੁੱਬੀ ਰਹਿੰਦੀ ਹੈ, ਪਤੀ ਨੂੰ ਖੁਸ਼ ਨਹੀ ਕਰ ਸਕਦੀ।

ਅਜਿਹੇ ਜੀਵ ਵੀ ਦੁਹਾਗਣ ਇਸਤਰੀ ਵਾਂਗ ਹਨ ਜੋ ਗ੍ਰਿਹਿਸਤ ਛਡ ਕੇ ਜੋਗੀ ਸਰੂਪ ਬਣ ਕੇ ਜੰਗਲਾਂ ਵਿੱਚ ਚਲੇ ਜਾਣ, ਇਸਤਰੀ ਦਾ ਮੋਹ ਤਿਆਗ (ਮਾਤਾ ਪਿਤਾ ਸੁਤ ਭਾਈ ਖਰੇ ਪਿਆਰੇ ਜੋਇ, ਡੂਬ ਮੁਏ ਬਿਨ ਪਾਣੀ) ਸਕਣ, ਅਜਿਹੇ ਜੋਗੀਆਂ ਦੀ ਸਚ ਖੰਡ ਵਿੱਚ ਕੋਈ ਥਾਂ ਨਹੀਂ :-

ਹਾਥਿ ਕਮੰਡਲ ਕਾਪੜੀਆ ਮਨਿ ਤ੍ਰਿਸ਼ਨਾ ਉਪਜੀ ਭਾਰੀ।
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।

ਦੋਹਾਗਣ ਨਾਰ ਜੋ ਇਹ ਸੋਚੇ ਕਿ ਗਲੀਂ ਬਹਿਸ਼ਤ ਪਾ ਲਵਾਂਗੀ, ਇਹ ਨਹੀਂ ਹੋ ਸਕੇਗਾ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ :

ਵਿਣ ਸੇਵਾ ਦੋਹਾਗਣੀ ਪਿਰੁ ਮਿਲੈ ਨਾ ਹਾਸੈ ॥

ਕਦੀ ਦੋਹਾਗਣ ਨਾਰ ਵੀ ਸੇਜ ਦਾ ਸੁਖ ਮਾਣ ਸਕਦੀ ਹੈ : ਭਾਈ ਗੁਰਦਾਸ ਜੀ ਦਾ ਉੱਤਰ 'ਨਾਂਹ' ਵਿੱਚ ਹੈ :-

ਦੋਹਾਗਣ :-

ਖੋਟੇ ਭਾਗਾਂ ਵਾਲੀ ਨਾਰ ਦੋਹਾਗਣ ਹੈ।
ਨਾਰ ਭਤਾਰਹੁ ਬਾਹਰੀ ਸੁਖ ਸੇਜ ਨ ਚੜੀਐ ॥

ਬਾਬਾ ਫਰੀਦ ਜੀ ਫੁਰਮਾਉਂਦੇ ਹਨ, "ਇਕ ਦਿਨ ਜੇ ਪ੍ਰਭੂ ਪਤੀ ਦਾ ਨਾਮ ਨਹੀਂ ਜਪਿਆ ਤਾ ਮਨ ਰਾਜ਼ੀ ਨਹੀਂ, ਉਨ੍ਹਾਂ ਮੰਦ ਭਾਗੀਆਂ ਦਾ ਕੀ ਹਾਲ ਹੋਵੇਗਾ ਜਿਨ੍ਹਾਂ ਦਾ ਪਤੀ ਉਨ੍ਹਾਂ ਨਾਲ ਨਾਰਾਜ਼ ਹੀ ਰਹਿੰਦਾ ਹੈ।

3. ਅਜੋਕੇ ਯੁੱਗ ਵਿੱਚ

ਮੁਸਲਮਾਨਾਂ ਨੇ ਸਾਡੇ ਦੇਸ਼ ਵਿੱਚ ਇਸਤਰੀ ਨਾਲ ਬੜਾ ਮਾੜਾ ਸਲੂਕ ਕੀਤਾ, ਪਰਦੇ ਅੰਦਰ ਰਖਿਆ, ਪੈਰ ਦੀ ਜੁੱਤੀ ਸਮਝਿਆ, ਜੋ ਜਦੋਂ ਚਾਹੇ ਬਦਲੀ ਜਾ ਸਕਦੀ ਹੈ। ਅਜਿਹੀ ਕਾਲੀ ਰਾਤ ਵੇਲੇ ਗੁਰੂ ਨਾਨਕ ਦੇਵ ਜੀ ਨੇ "ਸੋ ਕਿਉ ਮੰਦਾ ਆਖੀਐ" ਦੀ ਸਦ ਲਾ ਕੇ ਇਸਤਰੀ ਨੂੰ ਮਰਦ ਦੇ ਬਰਾਬਰ ਖੜ੍ਹਾ ਕਰ ਦਿੱਤਾ। ਗੁਰੂ ਸਾਹਿਬਾਂ ਨੇ ਚੰਗੀ ਇਸਤਰੀ ਲਈ ਜੋ ਆਦਰਸ਼ ਮਿਥੇ ਹਨ, ਉਹ ਜਾਨਣ ਲਈ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੂਪ ਵਿੱਚ ਸਾਨੂੰ ਇਕ ਅਦੁੱਤੀ ਖਜ਼ਾਨਾ ਬਖਸ਼ਿਆ ਹੈ, ਜਿਸ ਵਿਚੋ ਸਮੇਂ ਤੇ ਸੁਚੱਜੀ ਜੀਵਨ ਜਾਚ ਲਈ ਅਗਵਾਈ ਤੇ ਆਤਮਿਕ ਬਲ ਮਿਲਦਾ ਹੈ।

ਅੱਜ ਦੀ ਲੋੜ ਹੈ:- ਚੰਗਾ ਆਚਰਣ ਤੇ ਚੰਗੀ ਰਹਿਣੀ ਰਹਿੰਦਿਆਂ ਗੁਰੂ ਵਾਲੇ ਬਣਨਾ। ਇਹ ਸਭੇ ਲੋੜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਿਆਂ ਸਹਿਜੇ ਪੂਰੀਆਂ ਹੋ ਜਾਂਦੀਆਂ ਹਨ।

ਇਕ ਇਸਤਰੀ ਦਾ ਚੰਗਾ ਆਚਰਣ ਤੇ ਉਸ ਦੀ ਚੰਗੀ ਰਹਿਣੀ ਸਾਰੀ ਕੁਲ ਨੂੰ ਰੋਸ਼ਨ ਕਰਨ ਦੀ ਸਮਰਥਾ ਰਖਦੀ ਹੈ। ਇਸ ਮੰਜਲ ਤੇ ਪੁੱਜਣ ਲਈ ਸਾਨੂੰ ਗੁਰੂ ਸਾਹਿਬਾਂ ਨੇ ਤਿੰਨ ਸਾਧਨ ਦੱਸੇ ਹਨ - ਕਿਰਤ ਕਰਨਾ, ਵੰਡ ਛਕਣਾ ਤੇ ਨਾਮ ਜਪਣਾ।

ਕਿਰਤ : ਮਿਹਨਤ ਦਾ ਦੂਜਾ ਨਾਮ ਹੈ ਵਿਦਿਆਰਥਣ ਲਈ ਕਿਰਤ, ਪੜ੍ਹਾਈ ਵਿਚ ਮਿਹਨਤ ਕਰਨਾ ਹੈ, ਗ੍ਰਿਹਿਸਤੀ ਜੀਵਨ ਲਈ ਰੋਜ਼ਾਨਾ ਕੰਮ ਕਰਨਾ ਕਿਰਤ ਹੈ, ਆਪਣੇ ਪੈਰਾਂ ਤੇ ਖੜ੍ਹੀ, ਆਰਥਕ ਭਾਰ ਵੰਡਾ ਰਹੀ ਇਸਤਰੀ ਲਈ ਉਸਦਾ ਰੋਜ਼ਗਾਰ ਕਿਰਤ ਹੈ। ਕਿਰਤ ਦਾ ਘੇਰਾ ਬੜਾ ਵਿਸ਼ਾਲ ਹੈ, ਜਿਸ ਵਿਚ ਜੀਵ ਦਾ ਹਰ ਉਹ ਕੰਮ ਆ ਜਾਂਦਾ ਹੈ, ਜਿਸ ਵਿਚ ਉਹ ਕਾਰੇ ਲਗਾ ਹੈ ਤੇ ਉਸ ਤੋਂ ਉਸਦਾ ਆਰਥਕ ਮਸਲਾ ਹਲ ਹੁੰਦਾ ਹੈ। ਅਜ ਦੀ ਇਸਤਰੀ ਸਾਹਮਣੇ ਇਕ ਵੰਗਾਰ ਹੈ ਕਿ ਉਸ ਨੇ ਸਵੈ - ਨਿਰਭਰ ਹੋ ਕੇ ਕਿਵੇਂ ਜੀਵਨ ਜਿਊਣਾ ਹੈ। ਇਸ ਸਬੰਧੀ ਇਕ ਸੁਝਾਉ ਹੈ ਕਿ ਅਜ ਦੀਆਂ ਵਿਦਿਆਰਥਣਾਂ ਏਨੀ ਮਿਹਨਤ ਕਰਨ ਕਿ ਉਹ ਮਰਦਾਂ ਦੇ ਬਰਾਬਰ ਚੰਗੀਆਂ -2 ਪਦਵੀਆਂ ਲਈ ਮੁਕਾਬਲੇ ਦੇ ਇਮਤਿਹਾਨਾਂ ਵਿੱਚ ਕਾਮਯਾਬੀ ਹਾਸਲ ਕਰਨ ਯੋਗ ਬਣ ਸਕਣ। ਇਸ ਪਨੀਰੀ ਵਿਚੋਂ ਭਵਿੱਖ ਵਿੱਚ ਸਫਲ ਡਾਕਟਰ ਤੇ ਵਕੀਲ, ਸਫਲ ਅਫਸਰ - ਡੀ. ਸੀ., ਐਸ. ਡੀ. ਐਮ. ਆਦਿ-ਬਣਦੇ ਹਨ। ਮਿਹਨਤ ਦੇ ਅਨੁਸਾਰ ਜਿਥੇ ਜਿਥੇ ਜੋ ਡਿਊਟੀ ਮਿਲੇ ਉਥੇ ਦੂਜਿਆਂ ਨੂੰ ਸੁਨੇਹਾ ਦੇਂਦੇ ਹੋਏ ਨਾਨਕ ਨਾਮ-ਸੇਵਾ ਨਾਲ ਅਨਿਆਏ ਨਾ ਹੋਣ ਦਿੱਤਾ ਜਾਵੇ। ਆਪਣੇ ਤੋਂ ਨੀਵੇਂ ਨਾਲ ਘਿਰਣਾ ਨਹੀਂ ਕਰਨੀ, ਉਚੇ ਵਲ ਵੇਖ ਕੇ ਈਰਖਾ ਨਹੀਂ ਕਰਨੀ - ਇਸ ਸਿਧਾਂਤ ਤੇ ਚਲਣਾ ਆਦਰਸ਼ ਹੋਵੇ। ਆਪਣੇ ਫਰਜ਼ਾਂ ਨੂੰ ਅੱਖੋਂ ਉਹਲੇ ਨ ਕੀਤਾ ਜਾਵੇ। ਬਲਕਿ ਅਧਿਕਾਰ ਸਾਨੂੰ ਫਰਜ਼ਾਂ ਦੀ ਪਾਲਣਾ ਕਰਨ ਦੀ ਪ੍ਰੇਰਨਾ ਦੇਂਦੇ ਹੋਣ। ਅਜਿਹੀ ਕਿਰਤ ਦੀ ਆਸ ਹੈ ਤਾਂ ਇਸ ਮਰਦ ਪ੍ਰਧਾਨ ਸਮਾਜ ਵਿੱਚ ਇਸਤਰੀ ਸਿਰ ਉਚਾ ਚੁੱਕ ਸਕੇਗੀ।

ਵੰਡ ਛਕਣਾ :-

ਲੋੜਵੰਦ ਦੀ ਮੱਦਦ ਕਰਨਾ ਵੰਡ ਛਕਣਾ ਹੈ। ਵੰਡ ਕੇ ਉਹ ਛਕਣਾ ਹੈ, ਜੋ ਕਿਰਤ ਕੀਤੀ ਹੈ। ਪਰਾਇਆ ਮਾਲ ਵੰਡਣਾ, ਇਸ ਵੰਡ ਛਕਣ ਦੇ ਘੇਰੇ ਵਿੱਚ ਨਹੀਂ ਆਉਂਦਾ। ਇਥੇ ਆਧਾਰ ਹੈ-ਘਾਲਿ ਖਾਇ ਕਿਛੁ ਹਥਹੁ ਦੇਇ ....॥

ਹੱਕ ਹਲਾਲ ਦੀ ਕਮਾਈ ਵੰਡਣ ਨਾਲ ਚੰਗੇ ਵਿਚਾਰ ਫੈਲਦੇ ਹਨ, ਜਿਵੇਂ ਫੁਲ ਦੀਆਂ ਪਤੀਆਂ ਖਲੇਰਨ ਨਾਲ ਖੁਸ਼ਬੂ ਫੈਲਦੀ ਹੈ। ਵੰਡਛਕਣ ਦੀ ਬਿਰਤੀ ਨਾਲ ਇਸਤਰੀ ਦਾ ਕੋਮਲ ਮਨ ਮਰਦ ਵਾਂਗ ਮਾਇਆ ਦੇ ਮਗਰ ਨਹੀਂ ਦੌੜੇਗਾ ਇਸ ਬਿਰਤੀ ਦੇ ਧਾਰਨ ਕਰਨ ਨਾਲ ਅਜ ਦੀ ਸੁਰਖਿਅਤ ਨਾਰੀ ਚੰਗਾ ਸਮਾਜਕ ਢਾਂਚਾ ਤਿਆਰ ਕਰਨ ਵਿਚ ਸਹਾਈ ਹੋ ਸਕੇਗੀ। ਲੋੜ ਤਾਂ ਉਸ ਸਮੇਂ ਇਹ ਸੋਚਣ ਦੀ ਹੈ ਕਿ ਲੋੜਵੰਦ ਖਾਲੀ ਨਾ ਜਾਵੇ ਤੇ ਨਾਜਾਇਜ਼ ਥਾਂ ਸਿਫ਼ਾਰਸ਼ੀ ਨ ਵੰਡਿਆ ਜਾਵੇ।

ਨਾਮ ਜਪਣਾ :-

ਈਸਾਈ ਮੱਤ ਫੈਲਾਉਣ ਵਿੱਚ ਇਸਤਰੀ-ਜਾਤੀ ਨੇ ਵੱਡਾ ਹਿਸਾ ਪਾਇਆ ਹੈ। ਸਿਖ ਬੀਬੀਆਂ ਵਿੱਚ ਵੀ ਅਜਿਹੀ ਸਮੱਰਥਾ ਹੈ ਮਿਠਾਸ ਦਾ ਗਹਿਣਾ ਇਸਤਰੀ ਨੂੰ ਪ੍ਰਮਾਤਮਾ ਨੇ ਦਿੱਤਾ ਹੈ ਤੇ ਪ੍ਰੇਰਨਾ ਦੀ ਭਾਵਨਾ ਵੀ ; ਸੋ ਇਸ ਨੂੰ ਵਰਤਣ ਦੀ ਲੋੜ ਹੈ। ਅਜ ਦੀ ਇਸਤਰੀ ਨੇ ਬੀਬੀ ਅਮਰੋ ਦੇ ਰਾਹ ਤੇ ਚੱਲਣਾ ਹੈ। ਘਰ ਦਾ ਕੰਮ ਕਰਦਿਆਂ, ਕਾਰ-ਵਿਹਾਰ ਕਰਦਿਆਂ ਦਾਤਾਰ ਨੂੰ ਯਾਦ ਰਖਣਾ ਹੈ ਤੇ ਹੋਰਨਾਂ ਨੂੰ ਪ੍ਰੇਰਨਾ ਦੇਣੀ ਹੈ ਪ੍ਰੇਰਨਾ ਕਿਸੇ ਵੀ ਉਮਰ ਨੂੰ ਦਿੱਤੀ ਜਾ ਸਕਦੀ ਹੈ। ਬੀਬੀ ਅਮਰੋ ਜੀ ਪਤਿਆਹੁਰੇ ਨੂੰ ਗੁਰੂ ਵਾਲੇ ਬਣਾ ਕੇ ਸੰਸਾਰ ਵਿਚ ਅਮਰ ਹੋ ਗਏ।

ਨਾਮ ਜਪਣ ਦੀ ਮਹਿਮਾ ਕਥੀ ਜਾਣ ਵਾਲੀ ਨਹੀਂ। ਪ੍ਰੋ : ਪੂਰਨ ਸਿੰਘ ਦਸਦੇ ਹਨ ਕਿ ਅਤਿ ਨਾਜ਼ਕ ਅਵਸਥਾ ਵਿੱਚ ਉਨ੍ਹਾਂ ਨੇ "ਸੁਖਮਨੀ ਸਾਹਿਬ" ਦਾ ਸਹਾਰਾ ਲਿਆ ਤੇ ਸਾਰੇ ਮਸਲੇ ਹਲ ਹੋ ਗਏ।

ਅੱਜ ਦੇ ਐਟਮੀ ਤੇ ਪੁਲਾੜੀ ਯੁਗ ਵਿੱਚ ਨਾਮ ਦੇ ਆਸਰੇ ਦੀ ਵਧੇਰੇ ਲੋੜ ਹੈ। ਅੱਜ ਦੀ ਲੋੜ ਹੈ ਕਿ ਗੁਰਮਤਿ ਦਾ ਪ੍ਰਚਾਰ ਇਸਤਰੀਆਂ ਰਾਹੀਂ ਫੈਲਾਉਣ ਲਈ ਉਤਸ਼ਾਹ ਦਿੱਤਾ ਜਾਵੇ। ਬੀਬੀਆਂ ਨੂੰ ਘਰ-ਘਰ ਆਪਣੇ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੀਆਂ ਛੋਟੀਆਂ-ਛੋਟੀਆਂ ਸਾਖੀਆਂ ਤੇ ਕਥਾਵਾਂ ਦੀਆਂ ਪੁਸਤਕਾਂ ਪੁਚਾਈਆਂ ਜਾਣ। ਪੜ੍ਹੀਆਂ ਬੀਬੀਆਂ ਆਪਣੇ ਗੁਰੂ ਨਾਨਕ ਦੀਆਂ ਕਹਾਣੀਆਂ ਅਨਪੜ੍ਹ ਵਰਗ ਨੂੰ ਸੁਣਾ ਕੇ ਦੱਸ ਸਕਣ। ਪਰ ਇਹ ਸਹੂਲਤ ਅਜੇ ਬੜੀ ਦੂਰ ਦੀ ਗਲ ਜਾਪਦੀ ਹੈ ਕਿਉਂਕਿ ਇਸ ਪਾਸੇ ਅਜੇ ਧਰਮ ਦੇ ਰਹਿਬਰਾਂ ਦਾ ਧਿਆਨ ਨਹੀਂ ਗਿਆ।

ਸੁਰਖਿਅਤ ਬੀਬੀਆਂ ਗੁਰਬਾਣੀ ਦਾ ਪਾਠ, ਗੁਰਮਤਿ ਦੀ ਵਿਚਾਰਧਾਰਾ ਆਪਣੇ ਪੱਧਰ ਤੇ ਪ੍ਰਚਾਰਨਾ ਸ਼ੁਰੂ ਕਰਨ। ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਜੋਸ਼ ਹੈ, ਜਿਸ ਨੂੰ ਸੇਧ ਦੇਣ ਲਈ ਨਾਮ ਸਿਮਰਨ ਦੀ ਹੋਸ਼ ਜ਼ਰੂਰੀ ਹੈ।

ਅੱਜ ਦੀ ਇਸਤਰੀ ਲਈ ਵੰਗਾਰ ਵਡੀ ਹੈ, ਜਿਸ ਦੀ ਕਾਮਯਾਬੀ ਵਿੱਚ ਅਨੇਕਾਂ ਰੁਕਾਵਟਾਂ ਵੀ ਅਉਣਗੀਆਂ। ਕਿਰਤ ਵਿੱਚ-ਵੱਡੇ ਵੱਡੇ ਲੋਕ ਡਰਾਉਣਗੇ, ਨੌਕਰੀਆਂ ਵਿੱਚ ਸੁਆਰਥੀ ਲੋਕ, ਰਾਹੋਂ ਭਟਕਾਉਣਗੇ। ਵੰਡ ਛਕਣ ਵਿੱਚ - ਲੋਕ ਲਾਲਚ ਦੇਣਗੇ, ਇਸ ਰਾਹ ਤੋਂ ਭਟਕਾਉਣਗੇ, ਪਰ ਔਰਤ ਨੇ ਇਸ ਦਾ ਡਟ ਕੇ ਮੁਕਾਬਲਾ ਕਰਨਾ ਹੈ, ਘਬਰਾਉਣਾ ਨਹੀਂ, ਆਪਣਾ ਰਸਤਾ ਨਹੀਂ ਛੱਡਣਾ। ਆਪਣੇ ਆਪ ਨੂੰ ਮਜ਼ਲੂਮ ਨਹੀਂ ਸਮਝਣਾ, ਨਾਂ ਹੀ ਲਾਲਚ ਵਿੱਚ ਪੈਣਾ ਹੈ, ਹਰ ਔਖੇ ਸਮੇਂ - ਚਿਤਿ ਆਵੈ ਉਸ ਪਾਰਬ੍ਰਹਮ ਲਗੈ ਨ ਤਤੀ ਵਾਉ" - ਗੁਰਵਾਕ ਯਾਦ ਰਖਣਾ ਹੈ ਤਾਂ ਇਸਤਰੀ ਜਾਤ ਅੱਗੇ ਵਧ ਸਕੇਗੀ। ਆਪਣਾ ਆਦਰਸ਼ ਸਾਹਮਣੇ ਰੱਖਕੇ ਚੰਗੇ ਸਾਧਨਾਂ ਨਾਲ ਜੋ ਪ੍ਰਾਪਤੀ ਕੀਤੀ ਜਾਵੇਗੀ ਉਹ ਸਦੀਆਂ ਤਕ ਚਲ ਸਕੇਗੀ।

ਅਜੋਕੀ ਲੋੜ ਹੈ ਗੁਰਮਤਿ ਵਿਚਾਰਧਾਰਾ ਨੂੰ ਔਰਤ ਜਾਤ ਰਾਹੀਂ ਘਰ-ਘਰ ਪੁਚਾਉਣ ਦੀ।

ਮੈਨੂੰ ਪੂਰਨ ਨਿਸਚਾ ਹੈ ਕਿ ਵਿਦਿਆਰਥਣਾਂ ਆਪਣੇ ਆਪਣੇ ਕਾਲਜਾਂ ਵਿੱਚ ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ ਦੇ ਯੂਨਿਟ ਬਣਾ ਕੇ ਗੁਰੂ ਗਰੰਥ ਸਾਹਿਬ ਜੀ ਦੀ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨਾਲ ਆਪ ਜੂਝਣਗੀਆਂ ਤੇ ਹੋਰਨਾਂ ਭੈਣਾਂ ਨੂੰ ਵੀ ਪ੍ਰੇਰਣਗੀਆਂ। ਇਸਤਰੀ ਆਧਿਆਪਕਾਂ ਪਾਸੋਂ ਵੀ ਪੂਰਨ ਸਹਿਯੋਗ ਤੇ ਹੱਲਾ ਸ਼ੇਰੀ ਇਸ ਲਹਿਰ ਨੂੰ ਮਿਲਣੀ ਬਹੁਤ ਜ਼ਰੂਰੀ ਹੈ।

ਧਨ ਪਿਰ

ਧਨ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ॥

-ਮ : ੩

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆਂ ਮੰਤੁ ॥
ਕਵਣੁ ਸੁ ਵੇਸੋ ਹਉ ਕਰੀ, ਜਿਤੁ ਵਸਿ ਆਵੈ ਕੰਤੁ ॥
ਨਿਵਣੁ ਸੁ ਅਖਰੁ ਖਵਣੁ ਗੁਣੁ, ਜਿਹਬਾ ਮਣੀਆ ਮੰਤੁ ॥
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥

-ਸਲੋਕ ਫ਼ਰੀਦ ਜੀ

ਨੀਚੇ ਲੋਇਨ ਕਰਿ ਰਹਉ, ਲੇ ਸਾਜਨ ਘਟ ਮਾਹਿ ॥
ਸਭ ਰਸ ਖੇਲਉ ਪੀਅ ਸਉ, ਕਿਸੀ ਲਖਾਵਹੁ ਨਾਹਿ ॥

-ਸਲੋਕ ਕਬੀਰ ਜੀ

ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥
ਤਿਸੁ ਨਾਰੀ ਕਉ ਦੁੱਖ ਨ ਜਮਾਨੈ ॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪਰਵਾਨਿਆ ॥

-ਗਉੜੀ ਗੁਆਰੇਰੀ ਮਹਲਾ ੫

ਸਾਈ ਸੁਹਾਗਣ

ਸੰਤਾ ਕੀ ਹੋਇ ਦਾਸਰੀ, ਏਹੁ ਅਚਾਰਾ ਸਿਖੁ ਰੀ ॥
ਸਗਲ ਗੁਣਾ ਗੁਣ ਊਤਮੋ, ਭਰਤਾ ਦੂਰਿ ਨ ਪਿਖੁ ਰੀ ॥
ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ ॥
ਤਿਆਗਿ ਸਿਆਣਪ ਚਾਤੁਰੀ, ਤੂੰ ਜਾਣੁ ਗੁਪਾਲਹਿ ਸੰਗਿ ਰੀ ॥
॥ ਰਹਾਉ ॥

ਭਰਤਾ ਕਹੈ ਸੁ ਮਾਨੀਐ, ਏਹੁ ਸੀਗਾਰੁ ਬਣਾਇ ਰੀ ॥
ਦੂਜਾ ਭਾਉ ਵਿਸਾਰੀਐ, ਏਹੁ ਤੰਬੋਲਾ ਖਾਇ ਰੀ ॥
ਗੁਰ ਕਾ ਸਬਦੁ ਕਰਿ ਦੀਪਕੋ, ਇਹ ਸਤ ਕੀ ਸੇਜ ਵਿਛਾਇ ਰੀ ॥
ਆਠ ਪਹਰ ਕਰ ਜੋੜਿ ਰਹੁ, ਤਉ ਭੇਟੈ ਹਰਿ ਰਾਇ ਰੀ ॥
ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰ ਰੀ ॥
ਸਾਈ ਸੋਹਾਗਣਿ ਨਾਨਕਾ, ਜੋ ਭਾਣੀ ਕਰਤਾਰਿ ਰੀ ॥
–ਆਸਾ ਮਹਲਾ ੫ ॥

ਪਲੈ ਤੈਡੈ ਲਾਗੀ

ਜਾ ਸੁਖ ਤਾ ਸਹੁ ਰਾਵਿਓ ਦੁਖਿ ਭੀ ਸੰਮਾਲਿਓਇ ॥
ਨਾਨਕੁ ਕਹੈ ਸਿਆਣੀਏ, ਇਉ ਕੰਤੁ ਮਿਲਾਵਾ ਹੋਇ ॥
–ਮ : ੨

ਕਾਮਣਿ ਤਉ ਸੀਗਾਰੁ ਕਰਿ, ਜਾ ਪਹਿਲਾਂ ਕੰਤੁ ਮਨਾਇ ॥
ਮਤੁ ਸੇਜੈ ਕੰਤੁ ਨ ਆਵਹੀ, ਏਵੈ ਬਿਰਥਾ ਜਾਇ ॥
ਕਾਮਣਿ ਪਿਰੁ ਮਨੁ ਮਾਨਿਆ, ਤਉ ਬਨਿਆ ਸੀਗਾਰੁ ॥
ਕੀਆ ਤਉ ਪਰਵਾਣੁ ਹੈ, ਜਾ ਸਹੁ ਧਰੇ ਪਿਆਰੁ ॥
ਭਉ ਸੀਗਾਰੁ ਤਬੋਲ ਰਸੁ, ਭੋਜਨੁ ਭਾਉ ਕਰੇਇ ॥
ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥
–ਸਲੋਕ ਮਹਲਾ ੩

ਉਸਤਤਿ ਨਿੰਦਾ ਨਾਨਕ ਜੀ ਮੈਂ ਹਭ ਵੰਞਾਈ
ਛੋੜਿਆ ਹਭੁ ਕਿਛੁ ਤਿਆਗੀ ॥
ਹਭੇ ਸਾਕ ਕੂੜਾਵੇ ਡਿਠੇ, ਤਉ ਪਲੈ ਤੈਡੈ ਲਾਗੀ ॥
–ਸਲੋਕ ਮਹਲਾ ੫

ਅਨਮੋਲ ਬਚਨ

ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨਕੇ ਸੰਗਿ ਸਾਥਿ, ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ ॥

-ਸਿਰੀ ਰਾਗੁ ਮ: ੧

ਮਨ ਅਪਨੇ ਤੇ ਬੁਰਾ ਮਿਟਾਨਾ ॥
ਪੇਖੈ ਸਗਲ ਸ੍ਰਿਸਟਿ ਸਾਜਨਾ ॥

-ਸੁਖਮਨੀ ਸਾਹਿਬ

ਜਉ ਸੁਖ ਕੋ ਚਾਹੇ ਸਦਾ, ਸਰਨਿ ਰਾਮ ਕੀ ਲੇਹ ॥

-ਸਲੋਕ ਮ: ੯

ਸਰਬ ਰੋਗ ਕਾ ਅਉਖਦ ਨਾਮੁ ॥

-ਸੁਖਮਨੀ ਸਾਹਿਬ

ਸੋਈ ਕਰਾਇ ਜੋ ਤੁਧੁ ਭਾਵੈ ॥
ਮੋਹਿ ਸਿਆਣਪ ਕਛੂ ਨ ਆਵੈ ॥

-ਸੋਰਠਿ ਮ: ੫

ਸੋਈ ਕੰਮੁ ਕਮਾਇ ਜਿਤੁ ਮੁਖ ਉਜਲਾ ॥

-ਆਸਾ ਮ: ੫

ਕੂੜ ਨ ਪੁਜੇ ਸਚ ਨੋ ਸੌ ਘਾੜਤ ਘੜੀਐ ॥

-ਵਾਰਾਂ ਭਾਈ ਗੁਰਦਾਸ ਜੀ

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

-ਰਾਮਕਲੀ ਵਾਰ ਮ: ੫

ਬੀਬੀਆਂ ਵਿਰਸੇ ਤੇ ਸਭਿਆਚਾਰ ਦੀ ਸਾਂਭ ਸੰਭਾਲ ਲਈ ਨਿਤਰਨ

* ਬੇਬੇ ਨਾਨਕੀ, ਮਾਤਾ ਖੀਵੀ, ਮਾਤਾ ਗੰਗਾ, ਮਾਈ ਭਾਗੋ, ਮਾਤਾ ਗੁਜਰੀ, ਬੀਬੀ ਹਰਸ਼ਰਨ ਕੌਰ ਤੇ ਹੋਰ ਅਨੇਕਾਂ ਬੀਬੀਆਂ ਸਿੱਖ ਇਤਿਹਾਸ ਦੇ ਖ਼ੂਨੀ ਤੇ ਸੁਨਹਿਰੀ ਦੌਰ ਦਾ ਇਤਿਹਾਸ ਹਨ।

* ਜਿਨ੍ਹਾਂ ਬੀਬੀਆਂ ਨੇ ਜੰਗਾਂ ਵਿੱਚ ਸਿੰਘਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਸ਼ਹੀਦੀਆਂ ਪਾਈਆਂ।

*ਜਿਨ੍ਹਾਂ ਬੀਬੀਆਂ ਨੇ ਬੱਚਿਆਂ ਨੂੰ ਟੋਟੇ - ਟੋਟੇ ਕਰਵਾ ਕੇ ਗਲਾਂ ਵਿੱਚ ਹਾਰ ਪੁਆਏ ਪਰ 'ਸੀ' ਤੱਕ ਨਾ ਕੀਤੀ।

* ਲਾਹੌਰ ਦੀ ਜੇਲ੍ਹ ਵਿੱਚ ਸਵਾ-ਸਵਾ ਮਣ ਗਿੱਲਾ ਪੀਸਣ ਪੀਸਿਆ ਤੇ ਚੱਪਾ-ਚੱਪਾ ਰੋਟੀ ਤੇ ਗੁਜ਼ਾਰਾ ਕੀਤਾ।

* ਦੇਸ਼ ਦੀ ਵੰਡ ਸਮੇਂ ਧਰਮ ਨਾ ਛਡਿਆ, ਕੇਸਾਂ ਸੁਆਸਾਂ ਸੰਗ ਸ਼ਹੀਦੀਆਂ ਪਾ ਗਈਆਂ।

ਉਹਨਾਂ ਦੀਆਂ ਸ਼ਾਨਦਾਰ ਕੁਰਬਾਨੀਆਂ ਸਦਕਾ ਅਸੀਂ ਅੱਜ ਕਾਇਮ ਹਾਂ।

ਆਓ, ਝੂਠੇ ਤੇ ਫੋਕੇ ਫੈਸ਼ਨਾਂ ਨੂੰ ਤਲਾਂਜਲੀ ਦੇਂਦੇ ਹੋਏ ਸੱਚ, ਸਹਿਜ, ਸੰਤੋਖ ਤੇ ਸੀਲਤਾ ਨੂੰ ਧਰਨ ਕਰਕੇ ਆਪਣੇ ਘਰਾਂ, ਸਕੂਲਾਂ, ਕਾਲਜਾਂ ਦੇ ਆਲੇ-ਦੁਆਲੇ ਦੇ ਮਾਹੌਲ ਨੂੰ ਆਪਣੇ ਸਭਿਆਚਾਰ ਦੇ ਅਨੁਕੂਲ ਢਾਲੀਏ।

ਬੀਬੀਆਂ ਇਸ ਮੰਤਵ ਲਈ ਗੁਰੂ ਗੋਬਿੰਦ ਸਿੰਘ ਸੱਟਡੀ ਸਰਕਲ ਦੇ ਇਸਤਰੀ ਵਿੰਗ ਦੇ ਯੂਨਿਟ ਸਥਾਪਤ ਕਰਕੇ ਆਪਣੇ ਵਿਰਸੇ ਦੀ ਸਾਂਭ-ਸੰਭਾਲ ਲਈ ਤੋਰੀ ਲਹਿਰ ਵਿਚ ਹਿੱਸਾ ਪਾਉਣ।